Roll No. ..................

Total No. of Questions : 19]

094

[Total No. of Printed Pages : 6

SS

2325

500289

ਸਲਾਨਾ ਪਰੀਖਿਆ ਪ੍ਰਣਾਲੀ

# FOOD PACKAGING (Theory)

(Vocational Stream)

(Home Science Group)

(Food Preservation Trade)

Paper-III

(Punjabi, Hindi and English Versions)

Time Allowed : 2 Hours

Maximum Marks : 30

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ ਪੇਪਰ-ਕੋਡ ਵਾਲੇ ਖਾਨੇ ਵਿਚ ਵਿਸ਼ਾ-ਕੋਡ/ ਪੇਪਰ-ਕੋਡ 094 ਜ਼ਰੂਰ ਦਰਜ ਕਰੋ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 28 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਪ੍ਰਸ਼ਨ-ਪੱਤਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ (**ਭਾਗ-I**, **ਭਾਗ-II** ਅਤੇ **ਭਾਗ-III**)।

(v) **ਭਾਗ-I** ਵਿਚ 10 ਆਬਜੈਕਟਿਵ ਕਿਸਮ ਦੇ ਪ੍ਰਸ਼ਨ ਹਨ। ਹਰੇਕ ਪ੍ਰਸ਼ਨ 1 ਅੰਕ ਦਾ ਹੈ। ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।

(vi) **ਭਾਗ-II** ਵਿਚ 7 ਪ੍ਰਸ਼ਨ 3-3 ਅੰਕਾਂ ਵਾਲੇ ਹਨ, ਜਿਸ ਵਿਚੋਂ ਪ੍ਰੀਖਿਆਰਥੀ ਨੇ 5 ਪ੍ਰਸ਼ਨ ਹੱਲ ਕਰਨੇ ਹਨ।

(vii) **ਭਾਗ-III** ਵਿਚ 2 ਪ੍ਰਸ਼ਨ 5-5 ਅੰਕਾਂ ਵਾਲੇ ਹਨ, ਜਿਸ ਵਿਚੋਂ ਪ੍ਰੀਖਿਆਰਥੀ ਨੇ 1 ਪ੍ਰਸ਼ਨ ਹੱਲ ਕਰਨਾ ਹੈ।

(viii) ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਪ੍ਰਸ਼ਨ ਅੰਗਰੇਜ਼ੀ ਭਾਸ਼ਾ ਦੇ ਪ੍ਰਸ਼ਨਾਂ ਦੇ ਅਨੁਵਾਦ ਹਨ। ਇਸ ਲਈ ਕਿਸੇ ਭਰਮ ਦੀ ਸਥਿਤੀ ਵਿਚ ਅੰਗਰੇਜ਼ੀ ਭਾਸ਼ਾ ਦੇ ਪ੍ਰਸ਼ਨਾਂ ਨੂੰ ਹੀ ਸਹੀ ਮੰਨਿਆ ਜਾਵੇਗਾ।

### ਭਾਗ - I

1. ਪਰੰਪਰਾਗਤ ਪੈਕਿੰਗ ਦੀਆਂ ਕੋਈ ਦੋ ਉਦਾਹਰਣਾਂ ਦਿਓ। 1

2. ਬਿਜਲੀ-ਮੁਲੰਮੇ (Electroplating) ਦੀ ਵਿਧੀ ਦਾ ਇਸਤੇਮਾਲ ਕਿਉਂ ਕੀਤਾ ਜਾਂਦਾ ਹੈ ? 1

3. ਡੱਬਾਬੰਦੀ ਲਈ ਵਰਤੇ ਜਾਂਦੇ ਡੱਬਿਆਂ ਦੀਆਂ ਕਿਸਮਾਂ ਦਾ ਵਰਨਣ ਕਰੋ। 1

4. ਕੱਚ ਬਣਾਉਣ ਲਈ ਕਿਹੜੇ ਪਦਾਰਥਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ? 1

5. ਟਾਈਪ-I ਕੱਚ ਕਿਸ ਪਦਾਰਥ ਤੋਂ ਬਣਦਾ ਹੈ ? 1

6. ਕਲਿੰਗ ਪਰਤਾਂ (Cling Films) ਦਾ ਇਸਤੇਮਾਲ ਕਿਸ ਲਈ ਕੀਤਾ ਜਾਂਦਾ ਹੈ ? 1

7. ਕਰਾਫਟ ਕਾਗਜ਼ ਦਾ ਇਸਤੇਮਾਲ ਆਮ ਤੌਰ 'ਤੇ ਕਿਸ ਲਈ ਕੀਤਾ ਜਾਂਦਾ ਹੈ ? 1

8. ਲੱਕੜੀ ਦੀਆਂ ਪੇਟੀਆਂ ਦੇ ਕੋਈ ਦੋ ਗੁਣ ਦੱਸੋ । 1

9. ਬਲਿਸਟਰ ਪੈਕਿੰਗ ਦਾ ਇਸਤੇਮਾਲ ਕਿਉਂ ਕੀਤਾ ਜਾਂਦਾ ਹੈ ? 1

10. ਆਧੁਨਿਕ ਪੈਕਿੰਗ ਦੀਆਂ ਕੋਈ ਦੋ ਉਦਾਹਰਣਾਂ ਦਿਓ । 1

## ਭਾਗ - II

11. ਭੋਜਨ ਪੈਕਿੰਗ ਲਈ ਪਲਾਸਟਿਕ ਦੇ ਗੁਣਾਂ ਅਤੇ ਔਗੁਣਾਂ 'ਤੇ ਸੰਖੇਪ ਨੋਟ ਲਿਖੋ ।

12. ਪਰੰਪਰਾਗਤ ਪੈਕਿੰਗ 'ਤੇ ਸੰਖੇਪ ਨੋਟ ਲਿਖੋ ।

13. ਸੁੰਗੜੀ ਝਿੱਲੀ 'ਤੇ ਸੰਖੇਪ ਨੋਟ ਲਿਖਦੇ ਹੋਏ ਇਸ ਦੇ ਗੁਣਾਂ ਅਤੇ ਔਗੁਣਾਂ ਦਾ ਵਰਨਣ ਕਰੋ ।

14. ਡੱਬਿਆਂ ਨੂੰ ਜੰਗ/ਖੋਰਾ ਲੱਗਣ ਤੋਂ ਬਚਾਉਣ ਦੇ ਤਰੀਕਿਆਂ 'ਤੇ ਨੋਟ ਲਿਖੋ ।

15. ਦੂਜੇ ਦਰਜੇ ਦੀ ਪੈਕਿੰਗ, ਪਹਿਲੇ ਦਰਜੇ ਦੀ ਪੈਕਿੰਗ ਤੋਂ ਕਿਵੇਂ ਵੱਖ ਹੈ ?

16. ਸੂਚਨਾ ਦੇ ਪ੍ਰਸਾਰ ਅਤੇ ਭੋਜਨ ਪਦਾਰਥ ਦੀ ਸੁਰੱਖਿਆ ਦੇ ਤੌਰ 'ਤੇ ਪੈਕਿੰਗ ਦੀ ਮਹੱਤਤਾ 'ਤੇ ਸੰਖੇਪ ਨੋਟ ਲਿਖੋ ।

17. ਕੱਚ ਦੇ ਬਰਤਨਾਂ ਦੇ ਢੱਕਣਾਂ ਦੀਆਂ ਕਿਸਮਾਂ 'ਤੇ ਸੰਖੇਪ ਨੋਟ ਲਿਖੋ ।

## ਭਾਗ - III

18. ਵੱਟਦਾਰ ਫਾਈਬਰ ਬੋਰਡ ਦੀਆਂ ਕਿਸਮਾਂ 'ਤੇ ਵਿਸਥਾਰ ਸਹਿਤ ਨੋਟ ਲਿਖੋ ।

19. ਕੱਚ ਦੀਆਂ ਕਿਸਮਾਂ ਦਾ ਵਰਨਣ ਕਰਦੇ ਹੋਏ ਕੱਚ ਦੀਆਂ ਵਿਸ਼ੇਸ਼ਤਾਵਾਂ ਦੱਸੋ ।